ਪਿਆਰੇ ਮਾਪਿਆਂ/ਸੰਭਾਲ ਕਰਨ ਵਾਲਿਆਂ ਲਈ:

## ਸਕੂਲ ਦੀ ਪ੍ਰਾਪਰਟੀ `ਤੇ ਈ-ਬਾਇਕਾਂ ਅਤੇ ਈ-ਸਕੂਟਰਾਂ ਬਾਰੇ

ਨਵੇਂ ਸਕੂਲ ਸਾਲ ਵਿੱਚ ਪੈਰ ਜਮਾਉਂਦਿਆਂ, ਅਸੀਂ ਸਰੀ ਸਕੂਲਾਂ ਦੀ ਪ੍ਰਾਪਰਟੀ ਵਿੱਚ ਇਲੈਕਟ੍ਰਿਕ ਕਿੱਕ ਸਕੂਟਰਾਂ ਅਤੇ ਈ-ਬਾਈਕਾਂ ਦੀ ਵਰਤੋਂ ਬਾਰੇ ਸੁਰੱਖਿਆ ਦੇ ਮਹੱਤਵਪੂਰਨ ਸਰੋਕਾਰ ਤੁਹਾਡੇ ਧਿਆਨ ਵਿੱਚ ਲਿਆ ਰਹੇ ਹਾਂ।

ਹੁਣੇ ਜਿਹੇ ਸਿਟੀ ਆਫ ਸਰੀ ਨੇ ਐਲਾਨ ਕੀਤਾ ਹੈ ਕਿ ਪਬਲਿਕ ਪ੍ਰਾਪਰਟੀ - ਜਿਸ ਵਿੱਚ ਸਰੀ ਦੀਆਂ ਸੜਕਾਂ, ਸਾਈਡਵਾਕਾਂ ਜਾਂ ਸਰੀ ਦੇ ਪਬਲਿਕ ਪਾਰਕ ਵੀ ਸ਼ਾਮਲ ਹਨ - ਵਿੱਚ ਈ-ਸਕੂਟਰ ਚਲਾਉਣ ਦੀ ਆਗਿਆ ਨਹੀਂ ਹੈ। ਸਿਟੀ ਨੇ ਅਣਢੁਕਵੇਂ ਢੰਗ ਨਾਲ ਸਟੋਰ ਅਤੇ ਚਾਰਜ ਕਰਨ ਕਾਰਨ ਅੱਗ ਲੱਗਣ ਜਾਂ ਧਮਾਕਾ ਹੋਣ ਦੀ ਸੰਭਾਵਨਾ ਬਾਰੇ ਵੀ ਸਰੋਕਾਰ ਪ੍ਰਕਾਸ਼ਤ ਕੀਤੇ ਹਨ। ਨਤੀਜੇ ਵਜੋਂ:

- **ਸਰੀ ਸਕੂਲਜ਼ ਆਪਣੀ ਪ੍ਰਾਪਰਟੀ `ਤੇ ਕਿਸੇ ਵੀ ਸਮੇਂ ਇਲੈਕਟ੍ਰਿਕ ਈ ਸਕੂਟਰਾਂ ਦੀ ਵਰਤੋਂ ਜਾਂ ਸਟੋਰੇਜ ਦੀ ਆਗਿਆ ਨਹੀਂ ਦੇਵੇਗਾ।**
- **ਸਰੀ ਸਕੂਲਜ਼ ਮੰਗ ਕਰਦਾ ਹੈ ਕਿ ਕਿਸੇ ਵੀ ਸਮੇਂ ਜਦੋਂ ਵਿਦਿਆਰਥੀ ਸਕੂਲ ਦੀ ਪ੍ਰਾਪਰਟੀ `ਤੇ ਹੋਣ ਤਾਂ ਉਹ ਈ-ਬਾਈਕਾਂ ਤੋਂ ਉੱਤਰ ਜਾਣ ਅਤੇ ਈ-ਬਾਈਕ ਸਕੂਲ ਵਿੱਚ ਚਾਰਜ ਨਹੀਂ ਕੀਤੇ ਜਾ ਸਕਦੇ ਜਾਂ ਸਕੂਲ ਦੀਆਂ ਇਮਾਰਤਾਂ ਅੰਦਰ ਸਟੋਰ ਨਹੀਂ ਕੀਤੇ ਜਾ ਸਕਦੇ।**

## ਇਲੈਕਟ੍ਰਿਕ ਸਕੂਟਰ

ਹੋ ਸਕਦਾ ਹੈ ਕਿ ਤੁਸੀਂ ਜਾਣਦੇ ਹੀ ਹੋਵੋ ਕਿ ਬ੍ਰਿਟਿਸ਼ ਕੋਲੰਬੀਆ ਦੇ ਸੂਬੇ ਨੇ 5 ਅਪ੍ਰੈਲ 2024 ਨੂੰ ਇਲੈਕਟ੍ਰਿਕ ਕਿੱਕ ਸਕੂਟਰ ਪਾਈਲਟ ਪ੍ਰੋਜੈਕਟ ("ਪਾਈਲਟ") ਸ਼ੁਰੂ ਕੀਤਾ ਸੀ। ਇਸ ਉੱਦਮ ਅਧੀਨ ਇਲੈਕਟ੍ਰਿਕ ਕਿੱਕ ਸਕੂਟਰ ਸਿਰਫ ਉਹਨਾਂ ਮਿਊਂਸਪੈਲਟੀਆ ਦੀਆਂ ਸੜਕਾਂ `ਤੇ ਚਲਾਏ ਜਾ ਸਕਦੇ ਹਨ ਜਿਹੜੀਆਂ ਮਿਊਂਸਪੈਲਟੀਆਂ ਇਸ ਪਾਇਲਟ ਵਿੱਚ ਹਿੱਸਾ ਲੈ ਰਹੀਆਂ ਹਨ। ਕਿਰਪਾ ਕਰਕੇ ਨੋਟ ਕਰੋ ਕਿ ਸਰੀ ਅਤੇ ਵਾਈਟ ਰੌਕ ਦੀਆਂ ਮਿਊਂਸਪੈਲਟੀਆਂ ਇਸ ਵਿੱਚ ਹਿੱਸਾ ਨਹੀਂ ਲੈ ਰਹੀਆਂ। ਸੂਬਾਈ ਸੇਧਾਂ ਅਨੁਸਾਰ ਪਾਇਲਟ ਵਿੱਚ ਹਿੱਸਾ ਨਾ ਲੈ ਰਹੀਆਂ ਮਿਊਂਸਪੈਲਟੀਆਂ ਦੀਆਂ ਪਬਲਿਕ ਸੜਕਾਂ ਜਾਂ ਸਾਈਡਵਾਕਾਂ `ਤੇ ਇਲੈਕਟ੍ਰਿਕ ਸਕੂਟਰਾਂ ਦੀ ਵਰਤੋਂ ਨਹੀਂ ਕੀਤੀ ਜਾ ਸਕਦੀ।

ਇਸ ਤੋਂ ਬਿਨਾਂ ਸਾਡੀਆਂ ਸਕੂਲ ਕਮਿਊਨਿਟੀਆਂ ਨੇ ਹੇਠ ਲਿਖੇ ਫਿਕਰ ਜ਼ਾਹਰ ਕੀਤੇ ਹਨ:

- **ਸੇਫਟੀ:** ਸਰੀ ਸਕੂਲ ਦੇ ਸਟਾਫ, ਮਾਪਿਆਂ ਅਤੇ ਵੱਡੀ ਕਮਿਊਨਿਟੀ ਨੇ ਗੱਡੀਆਂ ਦੇ ਦੁਆਲੇ ਸਪੀਡ ਅਤੇ ਛੋਟੇ ਬੱਚਿਆਂ ਅਤੇ ਹੈਲਮਿਟਾਂ ਨਾ ਪਾਉਣ ਬਾਰੇ ਵਾਰ ਵਾਰ ਫਿਕਰ ਜ਼ਾਹਰ ਕੀਤੇ ਹਨ।
- **ਸਟੋਰੇਜ:** ਗਵਾਚ ਗਏ, ਚੋਰੀ ਹੋ ਗਏ ਜਾਂ ਨੁਕਸਾਨੇ ਗਏ ਇਲੈਕਟ੍ਰਿਕ ਸਕੂਟਰਾਂ ਨਾਲ ਸੰਬੰਧਿਤ ਮੁੱਦਿਆਂ ਬਾਰੇ। ਸਰੀ ਸਕੂਲਜ਼, ਸਕੂਲ ਡਿਸਟ੍ਰਿਕਟ ਦੀਆਂ ਥਾਂਵਾਂ `ਤੇ ਲਿਆਂਦੀ ਗਈ ਨਿੱਜੀ ਪ੍ਰਾਪਰਟੀ ਦੇ ਗੁਆਚ ਜਾਣ, ਚੋਰੀ ਹੋ ਜਾਣ ਜਾਂ ਨੁਕਸਾਨੇ ਜਾਣ ਲਈ ਜ਼ਿੰਮੇਵਾਰ ਨਹੀਂ ਹੈ। ਐਡਮਿਨਸਟ੍ਰੇਟਿਵ ਪ੍ਰੋਸੀਜਰ 516

## ਈ-ਬਾਈਕ

ਈ-ਬਾਈਕਾਂ ਦੇ ਸੰਬੰਧ ਵਿੱਚ ਮੋਟਰ ਅਸਿਸਟਡ ਸਾਈਕਲ (ਈ ਬਾਈਕ) ਰੈਗੂਲੇਸ਼ਨ, ਖਾਸ ਕਾਨੂੰਨੀ ਸ਼ਰਤਾਂ ਬਾਰੇ ਦਸਦੀ ਹੈ, ਜਿਸ ਵਿੱਚ ਉਮਰ ਵੀ ਸ਼ਾਮਲ ਹੈ। ਯਾਦ ਕਰਵਾਇਆ ਜਾਂਦਾ ਹੈ ਕਿ:

- ਲਾਈਟ ਈ-ਬਾਈਕ ਚਲਾਉਣ ਲਈ ਵਿਦਿਆਰਥੀ ਘੱਟੋ ਘੱਟ **14 ਸਾਲਾਂ** ਦਾ ਹੋਣਾ ਜ਼ਰੂਰੀ ਹੈ।
- ਸਟੈਂਡਰਡ ਈ-ਬਾਈਕ ਚਲਾਉਣ ਲਈ ਵਿਦਿਆਰਥੀ ਘੱਟੋ ਘੱਟ **16 ਸਾਲਾਂ** ਦਾ ਹੋਣਾ ਜ਼ਰੂਰੀ ਹੈ।

ਪਾਲਣਾ ਕਰਨ ਲਈ ਈ-ਬਾਈਕ ਦੀਆਂ ਸ਼ਰਤਾਂ `ਤੇ ਜਾ ਕੇ ਸਟੈਂਡਰਡ ਅਤੇ ਲਾਈਟ ਈ ਬਾਈਕਾਂ ਦੀ ਪ੍ਰੀਭਾਸ਼ਾ ਬਾਰੇ ਜਾਣੋ।

## ਹੋਰ ਜਾਣਕਾਰੀ

ਬੱਚਿਆਂ ਅਤੇ ਨੌਜਵਾਨਾਂ ਲਈ ਬੰਦਸ਼ਾਂ ਵਾਲੀਆਂ ਰੈਗੂਲੇਸ਼ਨਾਂ ਵਾਲੀ ਇਹ ਸਥਿਤੀ ਬਦਲ ਰਹੀ ਹੈ। ਅਸੀਂ ਮਾਪਿਆਂ ਅਤੇ ਗਾਰਡੀਅਨਾਂ ਨੂੰ ਆਪਣੇ ਬੱਚੇ ਨੂੰ ਪ੍ਰਾਈਵੇਟ ਪ੍ਰਾਪਰਟੀ `ਤੇ ਇਲੈਕਟ੍ਰਿਕ ਸਕੂਟਰ ਚਲਾਉਣ ਦੀ ਆਗਿਆ ਦੇਣ ਤੋਂ ਪਹਿਲਾਂ ਇਸ `ਤੇ ਲਾਗੂ ਹੋਣ ਵਾਲੀਆਂ ਰੈਗੂਲੇਸ਼ਨਾਂ `ਤੇ ਧਿਆਨ ਨਾਲ ਗੌਰ ਕਰਨ ਲਈ ਉਤਸ਼ਾਹਤ ਕਰਦੇ ਹਾਂ: ਇਲੈਕਟ੍ਰਿਕ ਕਿੱਕ ਸਕੂਟਰ ਰੂਲਜ਼ ਐਂਡ ਸੇਫਟੀ।

ਇਹ ਯਾਦ ਕਰਵਾਇਆ ਜਾਂਦਾ ਹੈ ਕਿ ਐਡਮਿਨਸਟ੍ਰੇਟਿਵ ਪ੍ਰੋਸੀਜਰ 516 ਦੇ ਅਧੀਨ ਸਰੀ ਸਕੂਲਜ਼, ਸਕੂਲ ਦੀ ਪ੍ਰਾਪਰਟੀ `ਤੇ ਲਿਆਂਦੀ ਗਈ ਨਿੱਜੀ ਪ੍ਰਾਪਰਟੀ, ਈ-ਸਕੂਟਰਾਂ ਅਤੇ ਈ-ਬਾਈਕਾਂ ਸਮੇਤ, ਦੇ ਗੁਆਚ ਜਾਣ, ਚੋਰੀ ਹੋ ਜਾਣ ਜਾਂ ਨੁਕਸਾਨੇ ਜਾਣ ਲਈ ਜ਼ਿੰਮੇਵਾਰ ਨਹੀਂ ਹੈ।

ਜਦੋਂ ਕਿ ਸਰੀ ਸਕੂਲਜ਼ ਪ੍ਰਾਪਰਟੀ `ਤੇ ਈ ਸਕੂਟਰਾਂ ਦੀ ਆਗਿਆ ਨਹੀਂ ਹੈ, ਫਰੇਜ਼ਰ ਹੈਲਥ ਨੇ ਈ ਸਕੂਟਰਾਂ ਦੀ ਸੇਫਟੀ ਦੇ ਸੰਬੰਧ ਵਿੱਚ ਸੇਧਾਂ ਤਿਆਰ ਕੀਤੀਆਂ ਹਨ ਕਿ ਇਹਨਾਂ ਦੀ ਕਿਹੜੀਆਂ ਥਾਂਵਾਂ `ਤੇ ਆਗਿਆ ਹੈ।

ਸਾਡੇ ਵਲੋਂ ਆਪਣੇ ਸਟਾਫ, ਵਿਦਿਆਰਥੀਆਂ ਅਤੇ ਕਮਿਊਨਿਟੀ ਦੀ ਸੇਫਟੀ ਅਤੇ ਭਲਾਈ ਯਕੀਨੀ ਬਣਾਉਣ ਲਈ ਮਿਲ ਕੇ ਕੰਮ ਕਰਨ ਸਮੇਂ ਤੁਹਾਡੇ ਵਲੋਂ ਦਿੱਤੇ ਧਿਆਨ ਅਤੇ ਸਹਿਯੋਗ ਲਈ ਤੁਹਾਡਾ ਧੰਨਵਾਦ।

ਸੱਚੇ ਦਿਲੋਂ,

ਸਰੀ ਸਕੂਲਜ਼